# ਗੋਧਰਾ ਵਿਚ ਸਾਬਰਮਤੀ ਰੇਲਗੱਡੀ ਕਤਲਕਾਂਡ ਪਿਛੋਂ ਅਹਿਮਦਾਬਾਦ ਸਮੇਤ ਗੁਜਰਾਤ ਦੇ ਹੋਰ ਸ਼ਹਿਰਾਂ ਵਿਚ ਨਿਰਦੋਸ਼ ਲੋਕਾਂ ਦਾ ਕਤਲੇਆਮ

ਗੋਧਰਾ ਗੁਜਰਾਤ ਵਿਚ ਇਕ ਰੇਲਗੱਡੀ ਨੂੰ ਅੱਗ ਲਾਕੇ ੬੦ ਦੇ ਕਰੀਬ ਲੋਕ ਸਾੜ ਕੇ ਮਾਰ ਦਿਤੇ ਗਏ ਅਤੇ ਅਨੇਕਾਂ ਹੋਰ ਜ਼ਖਮੀ ਹੋ ਗਏ ਹਨ। ਖ਼ਬਰਾਂ ਮੁਤਾਬਿਕ ਇਸ ਰੇਲਗੱਡੀ ਨੂੰ ਇਕ ਸਾਜਿਸ਼ੀ ਢੰਗ ਨਾਲ ਰੋਕ ਕੇ ਅੱਗ ਲਾ ਦਿਤੀ ਗਈ ਸੀ। ਕਿਹਾ ਜਾਂਦਾ ਹੈ ਕਿ ਇਸ ਗੱਡੀ ਵਿਚ ਅਯੋਧਿਆ ਤੋਂ ਕਾਰ ਸੇਵਕ ਵਾਪਸ ਆ ਰਹੇ ਸਨ। ਗੁਜਰਾਤ ਦੇ ਕਈ ਹਿੱਸਿਆਂ ਵਿਚ ਕਰਫਿਊ ਲਾ ਦਿਤਾ ਗਿਆ ਹੈ ਅਤੇ ਪੁਲੀਸ ਅਤੇ ਨੀਮ ਫੌਜ ਦੇ ਦਸਤੇ ਤੈਨਾਤ ਕਰ ਦਿਤੇ ਗਏ ਹਨ। ਪਰ ਇਸਦੇ ਬਾਵਜੂਦ ਅਹਿਮਦਾਬਾਦ ਸਮੇਤ ਗੁਜਰਾਤ ਦੇ ਹੋਰ ਕਈ ਹਿਸਿਆਂ ਵਿਚ ਦੰਗੇ ਫਸਾਦਾਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ ਅਤੇ ਹੁਣ ਤੱਕ ੩੦੦ ਦੇ ਕਰੀਬ ਲੋਕ ਇਸ ਫਿਰਕੂ ਹਿੰਸਾ ਦਾ ਸ਼ਿਕਾਰ ਹੋ ਚੁਕੇ ਹਨ ਅਤੇ ਹੋ ਰਹੇ ਹਨ। ਅਖ਼ਬਾਰਾਂ ਦੇ ਰਿਪੋਟਰਾਂ ਦਾ ਕਹਿਣਾਂ ਹੈ ਕਿ ਦੰਗਾਕਾਰੀ ਸ਼ਰੇਆਮ ਆਮ ਨਿਰਦੋਸ਼ ਲੋਕਾਂ ਉਤੇ ਹਮਲੇ ਕਰ ਰਹੇ ਹਨ ਪਰ ਪੁਲਿਸ ਅਤੇ ਨੀਮ ਫ਼ੌਜੀ ਦਸਤੇ ਦਰਸ਼ਕਾਂ ਵਾਂਗ ਤਮਾਸ਼ਾ ਵੇਖ ਰਹੇ ਹਨ ਅਤੇ ਹਮਲਾਵਰਾਂ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕਰ ਰਹੇ। ਇਸ ਸਾਰੇ ਘਟਨਾਕਰਮ ਤੋਂ ਲਗਦਾ ਹੈ ਕਿ ਇਸ ਫਿਰਕੂ ਹਿੰਸਾ ਨੂੰ ਜਥੇਬੰਦ ਕਰਨ ਅਤੇ ਚਾਲੂ ਰੱਖਣ ਵਿਚ ਸਟੇਟ ਮਸ਼ੀਨਰੀ ਦਾ ਜ਼ਰੂਰ ਹੱਥ ਹੈ।

ਗੋਧਰਾ ਦਾ ਇਹ ਘਲੂਘਾਰਾ ਅਤੇ ਹੋਰ ਫਿਰਕੂਹਿੰਸਾਂ ਦੀਆਂ ਵਾਰਦਾਤਾਂ ਦੀ ਇਹ ਤਾਜ਼ਾ ਲੜੀ ਹਿੰਦੁਸਤਾਨੀ ਹਾਕਿਮ ਜਮਾਤਾਂ ਅਤੇ ਉਨ੍ਹਾਂ ਦੇ ਰਾਜ ਵਲੋਂ ਦਹਾਕਿਆਂ ਤੋਂ ਲਗਾਤਾਰ ਚਲਾਈ ਜਾ ਰਹੀ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ਦਦ ਦੀ ਹੀ ਇਕ ਕੜੀ ਹੈ। ਜਿਵੇਂ ਜਿਵੇ ਹਿੰਦੋਸਤਾਨ ਵਿਚ ਹਾਕਮ ਜਮਾਤਾਂ ਨੂੰ ਦਿਨੋਂ ਦਿਨ ਵੱਧ ਰਹੇ ਡੂੰਘੇ ਆਰਥਕ ਅਤੇ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਲੋਕਾਂ ਨੂੰ ਫਿਕਰ ਅਤੇ ਅੰਦੇਸ਼ਾ ਸੀ ਕਿ ਹਾਕਮ ਜਮਾਤਾਂ ਜ਼ਰੂਰ ਇਹੋ ਜਿਹਾ ਕੋਈ ਕਾਰਾ ਕਰਨਗੀਆਂ ਜਿਸ ਨਾਲ ਲੋਕਾਂ ਵਿਚ ਫੁਟ ਅਤੇ ਨਫ਼ਰਤ ਫੈਲਾਈ ਜਾ ਸਕੇ। ਪਿਛਲੇ ਸਮੇਂ ਵੱਲ ਨਜ਼ਰ ਮਾਰੀਏ ਤਾਂ ਪਿਛਲੇ ਦੋ ਦਹਾਕਿਆਂ ਵਿਚ ਹਿੰਦੁਸਤਾਨੀ ਹਾਕਿਮ ਜਮਾਤਾਂ ਨੇ ਹਰਮੰਦਿਰ ਸਾਹਿਬ ਤੇ ਹਮਲਾ ਕੀਤਾ ਹੈ, ਬਾਬਰੀ ਮਸਜਿਦ ਢਾਈ ਹੈ, ਅਤੇ ਹੋਰ ਅਨੇਕਾਂ ਵਾਰਦਾਤਾਂ ਵਿਚ ਹਜ਼ਾਰਾਂ ਹੀ ਲੋਕਾਂ ਦਾ ਕਤਲਾਮ ਕੀਤਾ ਹੈ। ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਦਾ ਆਸਰਾ ਲੈਕੇ ਲੋਕਾਂ ਨੂੰ ਦਬਾਉਣਾਂ ਤੇ ਲੋਕਾਂ ਵਿਚ ਫੁਟ ਪਾਉਣੀ ਹਾਕਮ ਜਮਾਤਾਂ ਦੀ ਇਕ ਪੁਰਾਣੀ ਅਤੇ ਪਸੰਦਦੀਦਾ ਨੀਤੀ ਰਹੀ ਹੈ। ਇਸ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਹਾਕਿਮ ਜਮਾਤਾਂ ਲੋਕਾਂ ਦੀ ਏਕਤਾ ਤੇ ਸੱਟ ਮਾਰਕੇ ਉਨ੍ਹਾਂ ਦੇ ਹੱਕਾਂ ਦੇ ਘੋਲਾਂ ਤੇ ਡਾਢੀ ਸੱਟ ਮਾਰਦੇ ਹਨ।

੧੯੮੪ ਵਿਚ ਹਰਮੰਦਿਰ ਸਾਹਿਬ ਉਤੇ ਹਮਲਾ ਇਕ ਗਿਣੀ ਮਿਥੀ ਸਕੀਮ ਤਹਿਤ ਹੀ ਕੀਤਾ ਗਿਆ ਸੀ ਜਿਸ ਵਿਚ ਹਜ਼ਾਰਾਂ ਨਿਰਦੋਸ਼ ਲੋਕ ਸਰਕਾਰੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ। ਉਸਦੇ ਬਾਅਦ ਇੰਦਰਾ ਗਾਂਧੀ ਦਾ ਕਤਲ ਹੋਣ ਮਗਰੋਂ ਦਿਲੀ ਅਤੇ ਹੋਰ ਥਾਵਾਂ ਤੇ ਸਿਖਾਂ ਦਾ ਕਤਲੇਆਮ ਇਕ ਬਹੁਤ ਸੋਚੀ ਸਮਝੀ ਸਕੀਮ ਨਾਲ ਕੀਤਾ ਗਿਆ ਜਿਸ ਵਿਚ ਹਜ਼ਾਰਾਂ ਸਿਖਾਂ ਦੀ ਜਾਨੋ-ਮਾਲ ਦੀ ਬਰਬਾਦੀ ਕੀਤੀ ਗਈ। ਵੇਲੇ ਦੀ ਸਰਕਾਰ ਦੇ ਆਗੂਆਂ ਦੇ ਨਾਮ ਇਸ ਕਤਲੇਆਮ ਨੂੰ ਜਥੇਬੰਦ ਕਰਨ ਵਾਲਿਆਂ ਵਿਚ ਬੋਲਦੇ ਹਨ ਪਰ ਕਿਸੇ ਕਸੂਰਵਾਰ ਨੂੰ ਸਜ਼ਾ ਨਹੀਂ ਦਿਤੀ ਗਈ। ਇਹ ਗੱਲ ਕਿਸੇ ਤੋਂ ਛੁਪੀ ਹੋਈ ਨਹੀਂ ਕਿ ੧੯੯੨ ਵਿਚ ਅਯੁਧਿਆ ਵਿਚ ਬਾਬਰੀ ਮਸਜਦ ਨੂੰ ਢਾਉਣ ਨੂੰ ਹਲਾਸ਼ਰੀ ਦੇਣ ਵਾਲੇ ਵੀ ਮੌਜੂਦਾ ਕੇਂਦਰੀ ਸਰਕਾਰ ਦੇ ਹੀ ਬੰਦੇ ਸਨ। ਸੋ ਇਹ ਕਹਿਣਾ ਕੋਈ ਨਾਜਾਇਜ਼ ਗੱਲ ਨਹੀਂ ਕਿ ਗੋਧਰਾ ਦੀ ਇਸ ਘਿਨਾਉਣੀ ਵਾਰਦਾਤ ਨੂੰ ਵੀ ਲੋਕਾਂ ਉਤੇ ਹੋਰ ਤਸ਼ੱਦਦ ਕਰਨ ਲਈ ਅਤੇ ਹੋਰਨਾਂ ਥਾਂਵਾਂ ਤੇ ਫਿਰਕੂ ਹਿੰਸਾ ਜੱਥੇਬੰਦ ਵਰਤਿਆ ਜਾ ਰਿਹਾ ਹੈ ਅਤੇ ਹੋਰ ਵਰਤਿਆ ਜਾਵੇਗਾ। ਹਾਲੇ ਤੱਕ ਇਹੋ ਹੀ ਹੁੰਦਾ ਆਇਆ ਹੈ ਕਿ ਹਾਕਮਾਂ ਜਮਾਤਾਂ ਆਪ ਖ਼ੁਦ ਇਹੋ ਜਿਹੀਆਂ ਵਾਰਦਾਤਾਂ ਜਥੇਬੰਦ ਕਰਦੀਆਂ ਕਰਾਉਂਦੀਆਂ ਹਨ ਤੇ ਫੇਰ ਇਸਨੂੰ ਇਕ ਹਥਿਆਰ ਦੇ ਤੌਰ ਤੇ ਵਰਤਕੇ ਲੋਕਾਂ ਨੂੰ ਇਕ ਵੱਡੇ ਪੈਮਾਨੇ ਉਤੇ ਫਿਰਕੂਹਿੰਸਾ ਵਿਚ ਡੋਬਦੀਆਂ ਹਨ। ਨਤੀਜੇ ਦੇ ਤੌਰ ਤੇ ਲੋਕਾਂ ਦੇ ਘੋਲਾਂ ਨੂੰ ਭਾਰੀ ਸੱਟ ਵਜਦੀ ਹੈ ਤੇ ਹਾਕਮ ਜਮਾਤਾਂ ਦਾ ਲੋਟੂ ਰਾਜ ਕਾਇਮ ਰਹਿੰਦਾ ਹੈ। ਫਿਰਕਾਪ੍ਰਸਤੀ ਅਤੇ ਦਹਿਸ਼ਤਗਰਦੀ ਹਿੰਦੋਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੀ ਸਟੇਟ ਦੀ ਬਹੁਤ ਮਨਭਾਉਂਦੀ ਨੀਤੀ ਹੈ ਅਤੇ ਹਾਕਮ ਜਮਾਤਾਂ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਫਿਰਕਾਪ੍ਰਸਤੀ ਅਤੇ ਦਹਿਸ਼ਤਗਰਦੀ ਦੀਆਂ ਪੈਰੋਕਾਰ ਹਨ।

ਲੋਕਾਂ ਨੂੰ ਬੜੇ ਸਬਰ, ਤਹੱਮਲ ਅਤੇ ਦਲੇਰੀ ਨਾਲ ਹਾਕਿਮ ਜਮਾਤਾਂ ਦੀ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ਦਦ ਦੇ ਖਿਲਾਫ ਇਕ ਮੁੱਠ ਹੋਣ ਦੀ ਲੋੜ ਹੈ। ਉਨ੍ਹਾਂ ਨੂੰ ਬਹੁਤ ਚੌਕਸ ਅਤੇ ਚੁਕੰਨੇ ਹੋਕੇ ਇਸ ਘਲੁਘਾਰੇ ਲਈ ਜ਼ਿੰਮੇਦਾਰ ਹਾਕਿਮ ਜਮਾਤਾਂ ਅਤੇ ਉਨ੍ਹਾਂ ਦੀ ਸਰਕਾਰ ਖਿਲਾਫ ਇਕ ਮੁੱਠ ਹੋਕੇ ਆਪਣੇ ਘੋਲ ਤੇਜ਼ ਕਰਨ ਦੀ ਲੋੜ ਹੈ। ਹਿੰਦੁਸਤਾਨ ਦੀ ਮਜ਼ਦੂਰ ਜਮਾਤ ਨੂੰ ਡੱਟ ਕੇ ਲੋਕਾਂ ਨੂੰ ਅਗਵਾਈ ਦੇਣ ਦੀ ਲੋੜ ਹੈ। ਉਨ੍ਹਾਂ ਨੂੰ ਸਿਆਸੀ ਪਾਰਟੀਆਂ ਅਤੇ ਯੂਨੀਅਨਾਂ ਦੇ ਖੜਪੈਂਚਾਂ ਅਤੇ ਚੌਧਰੀਆਂ ਵਲੋਂ ਲਾਈਆਂ ਬੰਦਸ਼ਾਂ ਤੋੜਕੇ ਸਾਰੇ ਸਮਾਜ ਨੂੰ ਇਸ ਗੁੰਡਾਗਰਦੀ ਦੇ ਖਿਲਾਫ ਅਗਵਾਈ ਦੇਣ ਦੀ ਲੋੜ ਹੈ।

ਗੋਧਰਾ ਦਾ ਘਲੁਘਾਰਾ ਅਤੇ ਫਿਰਕੂ ਹਿੰਸਾ ਦੀਆਂ ਹੋਰ ਵਾਰਦਾਤਾਂ ਦਸਦੀਆਂ ਹਨ ਕਿ ਹਿੰਦੁਸਤਾਨ ਦੀਆਂ ਹਾਕਿਮ ਜਮਾਤਾਂ ਲੋਕਾਂ ਦੀ ਅਤੇ ਮੁਲਕ ਦੀ ਬਰਬਾਦੀ ਤਾਂ ਕਰ ਸਕਦੀਆਂ ਹਨ ਪਰ ਨਵੀਂ ਉਸਾਰੀ ਅਤੇ ਸਮਾਜ ਦੇ ਨਵੀਨੀਕਰਨ ਵਿਚ ਕੋਈ ਦਿਲਚਸਪੀ ਨਹੀਂ ਰਖਦੀਆਂ। ਨਵੀ ਉਸਾਰੀ ਅਤੇ ਨਵੀਨੀਕਰਨ ਲਈ ਚਲ ਰਹੇ ਘੋਲਾਂ ਨੂੰ ਕੁਚਲਣ ਲਈ ਉਹ ਹਰ ਹਥਿਆਰ ਵਰਤਣ ਨੂੰ ਤਿਆਰ ਹਨ। ਲੋਕਾਂ ਨੂੰ ਦਰਪੇਸ਼ ਮਸਲਿਆਂ ਦਾ ਇਨ੍ਹਾਂ ਕੋਲ ਕੋਈ ਹੱਲ ਨਹੀਂ। ਇਨ੍ਹਾਂ ਦਾ ਲੋਟੂ ਰਾਜ ਅਤੇ ਤੰਤਰ ਹੀ ਲੋਕਾਂ ਦੀਆਂ ਸਾਰੀਆਂ ਮੁਸੀਬਤਾਂ ਦੀ ਜੜ੍ਹ ਹੈ। ਫਿਰਕੂ ਹਿੰਸਾ ਅਤੇ ਸਟੇਟ ਦਹਿਸ਼ਤਗਰਦੀ ਨੂੰ ਵਰਤਕੇ ਲੋਕਾਂ ਵਿਚ ਫੁਟ ਪਾਉਣੀ ਤੇ ਨਫ਼ਰਤ ਨੂੰ ਹਵਾ ਦੇਣੀ ਅਤੇ ਲੋਕਾਂ ਦੇ ਘੋਲਾਂ ਨੂੰ ਸੱਟ ਮਾਰਨੀ ਹਿੰਦੋਸਤਾਨ ਦੀਆਂ ਹਾਕਮ ਜਮਾਤਾਂ ਦੀ ਇਕ ਬੜੀ ਸੋਚੀ ਸਮਝੀ ਹੋਈ ਸਾਜਸ਼ ਹੈ। ਇਸ ਲੋਟੂ ਅਤੇ ਜਾਬਰ ਨਿਜ਼ਾਮ ਨੂੰ ਖ਼ਤਮ ਕਰਕੇ ਹੀ ਲੋਕਾਂ ਦੇ ਮਸਲੇ ਹੱਲ ਕਰਨ ਵੱਲ ਅੱਗੇ ਵਧਿਆ ਜਾ ਸਕਦਾ ਹੈ।